
ਉਜਾਰੋ ਦੀਪਾ
ਪ੍ਰੋ. ਦਰਸ਼ਨ ਸਿੰਘ ਖ਼ਾਲਸਾ

"ਮੈ ਹੋ ਪਰਮ ਪੁਰਖ ਕੋ ਦਾਸਾ।
ਦੇਖਨ ਆਯੋ ਜਗਤ ਤਮਾਸਾ।"
ਤਮਾਸ਼ੇ ਦਾ ਅੱਖਰੀ ਅਰਥ ਕੀ ਹੈ?
ਤਮਾਸ਼ੇ ਦੀ ਨਿਸ਼ਾਨੀ ਕੀ ਹੁੰਦੀ ਹੈ?
ਕੀ ਕੋਈ ਅੱਖਾਂ ਬੰਦ ਕਰਕੇ ਵੀ
ਤਮਾਸ਼ਾ ਵੇਖ ਸਕਦਾ ਹੈ?
ਕੀ ਸਾਡੀ ਜ਼ਿੰਦਗੀ ਵੀ
ਸਿੱਖੀ ਦਾ ਤਮਾਸ਼ਾ ਬਣ ਕੇ
ਤਾਂ ਨਹੀਂ ਰਹਿ ਗਈ?

# ਜਗਤ ਤਮਾਸ਼ਾ

"ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਅਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ।"

ਕਹਿੰਦੇ ਹਨ ਧਰਮ ਨੂੰ ਚਲਾਉਣ ਆਇਆ ਹਾਂ, ਅਤੇ ਚਲਦਾ ਉਹ ਹੈ ਜਿਹੜਾ ਰੁੱਕ ਰਿਹਾ ਹੋਵੇ। ਤੇ ਧਰਮ ਰੁੱਕਦਾ ਕਦੋਂ ਹੈ ? ਸਤਿਗੁਰ ਬਾਣੀ 'ਚ ਕਹਿੰਦੇ ਨੇ :

"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।।"

(ਗੁ.ਗ੍ਰੰ.ਸਾ.ਪੰਨਾ : 663)

'ਗਤਿ ਰਹੀ' ਦਾ ਅਰਥ ਹੈ - ਗਤ ਕਹਿੰਦੇ ਨੇ ਗਤੀ (speed) ਨੂੰ, ਇਕ ਰਸ (ਇਕ ਲਯ) ਵਿੱਚ ਚਲ ਰਹੀ ਚੀਜ਼ ਨੂੰ ਗਤੀਸ਼ੀਲ ਆਖਦੇ ਨੇ - ਕਿਸ ਗਤੀ ਨਾਲ ਚਲ ਰਹੀ ਹੈ। ਸੰਗੀਤ ਵਿੱਚ ਤਬਲੇ ਦੀ ਕਿਸੇ ਚਲਦੇ ਠੇਕੇ ਨੂੰ ਵੀ ਗਤ ਆਖਦੇ ਹਨ। ਧਰਮ ਕੀ ਗਤਿ ਰਹੀ ਤੋਂ ਭਾਵ ਹੈ ਹੁਣ ਚਲਦਾ ਨਹੀਂ ਰਿਹਾ, ਰੁੱਕ ਰਿਹਾ ਹੈ ਅਤੇ ਰੁੱਕ ਰਹੇ ਦੀ ਨਿਸ਼ਾਨੀ ਹੈ, ਕਹਿੰਦੇ ਨੇ ਸੁਭਾਅ ਇਹ ਹੈ ਕਿ **"ਸ੍ਰਿਸਟੀ ਸਭ ਇਕ ਵਰਨ ਹੋਈ...।"** ਇਹਦਾ ਮਤਲਬ ਗੁਰੂ ਇਹ ਮਹਿਸੂਸ ਕਰਦਾ ਹੈ ਕਿ



ਸ੍ਰਿਸ਼ਟੀ ਇਕ ਵਰਨ ਨਹੀਂ ਹੋਣੀ ਚਾਹੀਦੀ। ਬਾਣੀ ਅੰਦਰ ਹੋਰ ਥਾਵੇਂ ਵੀ ਗੁਰੂ ਸਾਹਿਬ ਨੇ ਇਹ ਖਿਆਲ ਦਿੱਤਾ :

**"ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ"**

(ਗੁ.ਗ੍ਰੰ.ਸਾ.ਪੰਨਾ : 747-748)

ਗੁਰੂ ਦੇ ਦਰ 'ਤੇ ਕਿਸੇ ਵਰਨ ਵਿੱਚੋਂ ਕੋਈ ਆਵੇ, ਗੁਰੂ ਦਾ ਉਪਦੇਸ਼ ਧਾਰਨ ਕਰੇ, ਉਸ ਨੂੰ ਥਾਂ ਮਿਲਦੀ ਹੈ। ਪਰ ਇਥੇ ਸ੍ਰਿਸ਼ਟ ਸਭ ਇਕ ਵਰਨ ਹੋਈ ਤੋਂ ਭਾਵ ਹੋਰ ਹੈ ਜਿਹੜਾ ਸਮਝਣਾ ਹੈ। ਜਿਵੇਂ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿੱਚ ਇਹ ਪ੍ਰਤੀਤ ਕੀਤਾ ਕਿ ਸੰਸਾਰ ਦਾ ਦੁਖ ਕੀ ਹੈ ? ਚਾਰ ਵਰਨ, ਚਾਰ ਮਜ਼ਹਬਾਂ ਜਗ ਵਿੱਚ ਹਿੰਦੂ ਮੁਸਲਮਾਨੇ : **"ਖੁਦੀ ਬਖੀਲੀ ਤਕਬਰੀ ਖਿਚੋਤਾਣ ਕਰੇਨ ਧਿਙਾਣੇ"**। ਇਕ ਵੱਖਰੀ ਪਉੜੀ 'ਚ ਭਾਈ ਸਾਹਿਬ ਕਹਿੰਦੇ ਨੇ - **"ਵਰਨਾ ਵਰਨ ਨਾ ਭਾਵਨੀ"** - ਵਰਨ ਨੂੰ ਵਰਨ ਭਾਉਂਦਾ ਨਹੀਂ, ਇੱਕ ਦੂਜੇ ਨਾਲ ਤਕਰਾਰ ਹੈ, ਇੱਕ ਵਰਨ ਦੂਜੇ ਵਰਨ ਨੂੰ ਚੰਗਾ ਨਹੀਂ ਲੱਗਦਾ। ਤੇ ਇੱਥੇ ਸੋਚਣਾ ਹੈ - ਇਹਦਾ ਮਤਲਬ ਇੱਕ ਵਰਨ ਨਹੀਂ ਹੋਣਾ ਚਾਹੀਦਾ ?

ਦੋ ਵਰਨ ਨਿਰੰਕਾਰ ਨੇ ਪੈਦਾ ਕੀਤੇ, ਰੱਬ ਨੇ ਪੈਦਾ ਕੀਤੇ ਜਿਸਦਾ ਜ਼ਿਕਰ ਸਤਿਗੁਰੂ ਨੇ ਬਾਣੀ 'ਚ ਕੀਤਾ ਹੈ, ਕਹਿੰਦੇ ਨੇ :

**'ਬਿਖੁ ਅੰਮ੍ਰਿਤੁ ਕਰਤਾਰਿ ਉਪਾਏ।। ਸੰਸਾਰ ਬਿਰਖ ਕਉ ਦੁਇ ਫਲ ਲਾਏ।।"**

(ਗੁ.ਗ੍ਰੰ.ਸਾ.ਪੰਨਾ : 1172)

ਰੱਬ ਨੇ ਦੋ ਵਰਨ ਪੈਦਾ ਕੀਤੇ, ਪੈਦਾਇਸ਼ ਤਾਂ ਉਹਦੀ ਹੈ ਤੇ ਮਨੁੱਖ ਦੇ ਸਾਹਮਣੇ ਚੋਣ ਰਖ ਦਿੱਤੀ ਹੈ। ਇਕ ਪਾਪ ਵੀ ਹੈ, ਇਕ ਪੁੰਨ ਵੀ ਹੈ। ਜੇ ਸੰਸਾਰ ਅੰਦਰ ਕੇਵਲ ਪੁੰਨ ਹੁੰਦਾ, ਤਾਂ ਇਸ ਸਾਧ-ਸੰਗਤ ਦੀ ਲੋੜ ਹੀ ਨਾ ਪੈਂਦੀ, ਗੁਰਮਤ ਦੀ ਤੇ ਗੁਰੂ ਦੀ ਲੋੜ ਨਾ ਪੈਂਦੀ। ਗੁਰੂ ਕੋਲ ਜੇ ਸਿੱਖ ਨੇ ਆ ਕੇ ਬੈਠਣਾ ਹੈ ਤਾਂ ਇਸੇ ਲਈ ਬੈਠਣਾ ਹੈ, ਤਾਂ ਜੋ ਪਤਾ ਲਗ ਜਾਏ, ਇੱਥੇ ਆ ਕੇ ਪੁੱਛ ਸਕੇ ਕਿ ਪਾਪ ਕੀ ਹੈ, ਪੁੰਨ ਕੀ ਹੈ ? ਗੁਰੂ ਨੇ ਬਾਣੀ 'ਚ ਵੀ ਆਖਿਆ ਹੈ, ਕਹਿਣ ਲਗੇ :

**"ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ।।**
**ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ।।"**

(ਗੁ.ਗ੍ਰੰ.ਸਾ.ਪੰਨਾ : 146)

ਪਾਪ ਤੇ ਪੁੰਨ ਹੈ ਹੀ ਨਹੀਂ ਸੀ, ਜਦੋਂ ਇਹ ਸ੍ਰਿਸ਼ਟੀ ਨਹੀਂ ਸੀ :

**"ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ।। ਪਾਪ ਪੁੰਨ ਤਬ ਕਹ ਤੇ ਹੋਤਾ।।"**

(ਗੁ.ਗ੍ਰੰ.ਸਾ.ਪੰਨਾ : 290)

ਹੁਣ ਜਦੋਂ ਸ੍ਰਿਸ਼ਟੀ ਬਣੀ, ਬਣਾਉਣ ਵਾਲੇ ਨੇ ਦੋ ਚੀਜ਼ਾਂ ਤਾਂ ਆਮ੍ਹੋ-ਸਾਹਮਣੇ ਰਖ ਦਿੱਤੀਆਂ। ਇਕ ਪਾਸੇ ਚੰਗਿਆਈਆਂ, ਇਕ ਪਾਸੇ ਬੁਰਿਆਈਆਂ ਤੇ ਮਨੁੱਖ ਦਾ ਤਮਾਸ਼ਾ ਵੇਖਿਆ ਅਤੇ ਵੇਖਿਆ ਕੋਈ **"ਚੰਗਿਆਈ ਆਲਿਕ ਕਰੇ ਬੁਰਿਆਈ ਹੋਏ ਸੇਰ"**। ਇਕ ਪਾਸੇ ਅੰਧੇਰਾ ਬਣਾ ਦਿੱਤਾ, ਇਕ ਪਾਸੇ ਰੌਸ਼ਨੀ ਬਣਾ ਦਿੱਤੀ। ਨੇਕੀ ਤੇ ਬਦੀ ਆਮ੍ਹੋ-ਸਾਹਮਣੇ ਰਖ ਦਿੱਤੀ, ਸੱਚ ਤੇ ਝੂਠ ਆਮ੍ਹੋ-

ਸਾਹਮਣੇ ਟਿਕਾ ਦਿੱਤੇ - ਇਹ ਦੋ ਵਰਨ ਪੈਦਾ ਕੀਤੇ। ਗੁਰਮੁਖ ਤੇ ਮਨਮੁਖ ਇਸ ਸੰਸਾਰ ਵਿੱਚ ਪੈਦਾ ਹੋਏ, ਆਸਤਿਕ ਤੇ ਨਾਸਤਿਕ ਇਸ ਸੰਸਾਰ ਵਿੱਚ ਪੈਦਾ ਹੋਏ। ਪਰ ਗੁਰੂ ਕਹਿੰਦੇ ਨੇ ਮੈਨੂੰ ਪਰੇਸ਼ਾਨੀ ਹੋ ਗਈ ਜਦੋਂ ਮੈਂ ਵੇਖਿਆ ਕਿ ਸਾਰੀ ਸ੍ਰਿਸ਼ਟੀ ਧਰਮ ਛੱਡਣ ਵਾਲੇ ਵਰਨ ਵਿੱਚ ਇੱਕ ਹੋ ਰਹੀ ਹੈ, ਕਿਉਂਕਿ ਪਹਿਲੀ ਲਾਈਨ 'ਚ ਕਹਿ ਦਿੱਤਾ ਹੈ - **"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ"**। ਸੰਸਾਰ ਅੰਦਰ ਦੋ ਵਰਨ ਤਾਂ ਪੈਦਾ ਹੋਏ ਹੀ ਸਨ ਅਤੇ ਜੇ ਕੁਝ ਛੱਡ ਦਿੰਦੇ, ਕੁਝ ਗ੍ਰਹਿਣ ਕਰ ਲੈਂਦੇ ਤਾਂ ਮੈਂ ਆਖਦਾ- ਚਲੋ ਜਿਹੜੇ ਗ੍ਰਹਿਣ ਕਰਨ ਵਾਲੇ ਨੇ, ਉਹ ਅਗਾਂਹ ਛੱਡਣ ਵਾਲਿਆਂ ਨੂੰ ਪ੍ਰੇਰ ਲੈਣਗੇ। ਪਰ ਕਹਿਣ ਲੱਗੇ - ਦੁਖ ਦੀ ਗੱਲ, ਧਰਮ ਰੁੱਕਦਾ ਉਦੋਂ ਦਿੱਸਿਆ ਜਦੋਂ ਇਹ ਵੇਖਿਆ ਕਿ **"ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ"** ਪਰ ਜਿਨ੍ਹਾਂ ਨੇ ਧਰਮ ਨੂੰ ਗ੍ਰਹਿਣ ਕਰਨਾ ਸੀ, ਉਹ ਵੀ ਧਰਮ ਛੱਡਣ ਵਾਲਿਆਂ ਵਿੱਚ ਸ਼ਾਮਿਲ ਹੋ ਗਏ। ਜੇ ਕੁਝ ਗ੍ਰਹਿਣ ਕਰਨ ਵਾਲੇ ਵੀ ਹੁੰਦੇ ਤਾਂ ਧਰਮ ਚਲਦਾ ਰਖਦੇ, ਧਰਮ ਚਲਦਾ ਰਹਿੰਦਾ।

ਕਈ ਵਾਰ ਖ਼ਤਰਾ ਵੀ ਪੈਦਾ ਹੋ ਜਾਏ ਕਿਸੇ ਚੀਜ਼ ਦੇ ਖ਼ਤਮ ਹੋਣ ਦਾ ਤਾਂ ਆਪਾਂ ਕਿਸੇ ਚੀਜ਼ ਨੂੰ ਚਲਦਾ ਰਖਣ ਲਈ ਕਹਿੰਦੇ ਹਾਂ ਕਿ ਫਿਕਰ ਵਾਲੀ ਗੱਲ ਨਹੀਂ ਸੱਚ ਦਾ ਬੀਜ ਕਦੇ ਨਾਸ ਨਹੀਂ ਹੁੰਦਾ, ਇੱਕ ਮਨ ਅੰਦਰ ਤਸੱਲੀ ਦੇਣ ਲਈ। ਉਹਦਾ ਮਤਲਬ ਕੀ ਹੈ ? ਬੀਜ ਕਿਉਂਕਿ ਚਲਦਾ ਦਿੱਸਦਾ ਹੈ ਭਾਵੇਂ ਇੱਕ ਹੋਵੇ, ਉਹ ਜਿਹੜਾ ਇੱਕ ਹੈ ਉਸੇ ਬੀਜ ਨੇ ਕਲ ਨੂੰ ਪੰਜਾਹ ਬੀਜ ਹੋਰ ਪੈਦਾ ਕਰ ਲੈਣੇ ਨੇ। ਬੂਟਾ ਬਣਨਾ ਹੈ, ਬੂਟੇ ਨੇ ਫੇਰ ਬੀਜ ਪੈਦਾ ਕਰ ਲੈਣੇ ਨੇ, ਉਨ੍ਹਾਂ ਪੰਜਾਹ ਦੇ ਨਾਲ ਫੇਰ ਪੰਜਾਹ-ਪੰਜਾਹ ਹੋਰ ਬੀਜ ਪੈਦਾ ਹੋ ਜਾਣੇ ਨੇ, ਫੇਰ ਸੈਂਕੜਿਆਂ ਦੀ ਤਾਦਾਦ ਵਿੱਚ, ਹਜ਼ਾਰਾਂ ਦੀ ਤਾਦਾਦ ਵਿੱਚ ਹੋ ਜਾਣੇ ਨੇ। ਇਸ ਲਈ ਤਾਂ ਕਿਸੇ ਥਾਂ ਤੇ ਇੱਕ ਵੀ ਵੱਧ ਗਿਆ, ਬੀਜ ਦੇ ਰੂਪ ਵਿੱਚ ਦੇਖ ਕੇ ਮਨੁੱਖ ਨੂੰ ਤਸੱਲੀ ਹੋ ਗਈ। ਤੇ ਗੁਰੂ ਕਹਿੰਦੇ ਨੇ ਕਿ ਜੇ ਭਲਾ ਇਸ ਨਾਸਤਿਕ ਸੰਸਾਰ ਵਿੱਚ, ਇਸ ਅਧਰਮੀ ਸੰਸਾਰ ਅੰਦਰ ਜਿੱਥੇ ਲੋਕਾਂ ਨੇ ਧਰਮ ਛੱਡ ਦਿੱਤਾ ਹੋਵੇ, ਉਥੇ ਕੁਝ ਧਰਮੀ ਰਹਿ ਜਾਣ ਤਾਂ ਮੈਂ ਸਮਝਾਂ ਕਿ ਕੋਈ ਖ਼ਤਰਾ ਨਹੀਂ, ਧਰਮ ਦੀ ਦੁਨੀਆਂ ਚਲਦੀ ਰਹੇਗੀ, ਧਰਮ ਦੀ ਗਤੀ ਬਣੀ ਰਹੇਗੀ। ਪਰ ਮੈਨੂੰ ਮਹਿਸੂਸ ਇਹ ਹੋਇਆ ਕਿ ਜਿਨ੍ਹਾਂ ਨੇ ਧਰਮ ਦੀ ਗਤੀ ਨੂੰ ਚਾਲੂ ਰਖਣਾ ਸੀ, ਜਿਹੜੇ ਧਰਮ ਦੇ ਠੇਕੇਦਾਰ ਸਨ ਉਹ ਵੀ ਅਧਰਮੀਆਂ ਵਿੱਚ ਸ਼ਾਮਿਲ ਹੋ ਗਏ। ਬਸ, ਇਉਂ ਮੈਨੂੰ ਦਿੱਸਿਆ ਕਿ **"ਧਰਮ ਕੀ ਗਤਿ ਰਹੀ"**, ਜਿਵੇਂ ਧਰਮ ਦੀ ਗਤੀ ਰੁੱਕ ਰਹੀ ਹੋਵੇ।

ਗੁਰੂ ਦਸਮ ਪਾਤਸ਼ਾਹ ਵੀ ਕਹਿੰਦੇ ਹਨ - ਜਦੋਂ ਐਸਾ ਸਮਾਂ ਆਇਆ, ਮੈਨੂੰ ਇਹ ਗੱਲ ਆਖ ਕੇ ਭੇਜਿਆ ਗਿਆ, ਧਰਮ ਦੀ ਗਤ ਰੁੱਕ ਰਹੀ ਹੈ, ਇਸ ਲਈ ਇਸ ਰੁੱਕਦੀ ਹੋਈ ਗਤੀ ਨੂੰ ਗਤੀਸ਼ੀਲ ਕਰੋ -

**"ਜਾਹ ਤਹਾ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ।"**

ਰੁੱਕਦੀ ਹੋਈ ਗਤੀ ਨੂੰ ਚਲਦਾ ਰਖ, ਜਿਹੜੇ ਲੋਕ ਕਬੁੱਧੀ ਕਰਦੇ ਨੇ, ਉਨ੍ਹਾਂ ਲੋਕਾਂ ਨੂੰ ਹਟਾ। ਜਾਂ ਉਹ ਕਬੁੱਧੀ ਛੱਡ ਦੇਣ ਜਾਂ ਹੱਟ ਜਾਣ। ਨਾਲ ਹੀ ਗੁਰੂ ਨੇ ਇਕ ਹੋਰ ਖ਼ੂਬਸੂਰਤ ਖਿਆਲ ਦੇ ਦਿੱਤਾ, ਕਹਿਣ ਲੱਗੇ - ਜਦੋਂ ਹਟਾਏਂਗਾ ਹੋ ਸਕਦਾ ਹੈ, ਤੇਰੇ ਨਾਲ ਵਿਰੋਧ ਹੋਵੇ ਪਰ ਦੁਨੀਆਂ



ਨੂੰ ਆਖ ਦੇਈਂ - ਭਲਿਓ ! ਮੈਂ ਤੁਹਾਡਾ ਵੈਰੀ ਨਹੀਂ, ਮੇਰੀ ਕਿਸੇ ਨਾਲ ਕੋਈ ਦੁਸ਼ਮਨੀ ਨਹੀਂ -

"ਜਿਮ ਤਿਨ ਕਹੀ ਤਿਨੈ ਤਿਮ ਕਹਿ ਹੋਂ। ਅਉਰ ਕਿਸੂ ਤੇ ਬੈਰ ਨ ਗਹਿ ਹੋਂ।"

ਮੈਂ ਤਾਂ ਮੇਰੇ ਮਾਲਿਕ ਨੇ ਜੋ ਆਖਿਆ ਹੈ, ਉਹ ਕਹਿਣ ਆਇਆ ਹਾਂ ਤੇ ਜੋ ਕੁਝ ਵੇਖਾਂਗਾ ਉਹ ਆਖਾਂਗਾ, ਮੈਨੂੰ ਇਸੇ ਲਈ ਤਮਾਸ਼ਾ ਵੇਖਣ ਭੇਜਿਆ ਹੈ ਤਾਂ ਕਿ ਜੋ ਗੱਲ ਵੀ ਕਰਾਂ ਉਹ ਐਵੇਂ ਨਾ ਕਰਾਂ, ਤਮਾਸ਼ਾ ਵੇਖ ਕੇ ਕਰਾਂ। ਇਸ ਲਈ ਲਫਜ਼ ਵਰਤੇ, ਕਹਿਣ ਲਗੇ :

"ਮੈ ਹੋ ਪਰਮ ਪੁਰਖ ਕੋ ਦਾਸਾ। ਦੇਖਨ ਆਯੋ ਜਗਤ ਤਮਾਸਾ।"

ਹੁਣ ਇੱਥੇ ਰੁੱਕਣਾ ਹੈ - ਕੀ ਕੋਈ ਅੱਖਾਂ ਬੰਦ ਕਰਕੇ ਵੀ ਤਮਾਸ਼ਾ ਵੇਖ ਸਕਦਾ ਹੈ ? ਭਲਾ ਕੋਈ ਸਮਾਧੀ ਲਾ ਕੇ, ਅੱਖਾਂ ਬੰਦ ਕਰਕੇ, ਖਾਮੋਸ਼ ਹੋ ਕੇ ਬੈਠਾ ਹੋਵੇ ਤਾਂ ਉਹ ਤਮਾਸ਼ਾ ਵੇਖ ਸਕਦਾ ਹੈ ? ਤਮਾਸ਼ਾ ਵੇਖਣਾ ਹੈ ਤਾਂ ਅੱਖਾਂ ਨਹੀਂ ਬੰਦ ਕਰਨੀਆਂ। ਅੱਖਾਂ ਬੰਦ ਕਰਨ ਵਾਲਾ ਕਦੇ ਤਮਾਸ਼ਾ ਨਹੀਂ ਵੇਖ ਸਕਦਾ। ਤਮਾਸ਼ਾ ਉਹੀ ਵੇਖੇਗਾ ਜਿਹੜਾ ਅੱਖਾਂ ਖੋਲੇਗਾ। ਜ਼ਰੂਰੀ ਨਹੀਂ ਕਿ ਸੰਸਾਰ ਦੀਆਂ ਬਣਾਈਆਂ ਹੋਈਆਂ ਫਿਲਮਾਂ ਦਾ ਨਾਂ ਹੀ ਤਮਾਸ਼ਾ ਹੈ, ਇਹ ਸੰਸਾਰ ਵੀ ਇਕ ਤਮਾਸ਼ਾ ਹੈ। ਇਸ ਦੁਨੀਆਂ ਦੇ, ਸਸਾਰ ਦੇ ਮੰਚ 'ਤੇ ਜੋ ਕੁਝ ਹੋ ਰਿਹਾ ਹੈ ਇਹ ਵੀ ਇਕ ਤਮਾਸ਼ਾ ਹੈ ਕਿਉਂਕਿ ਇਸ ਨੂੰ ਤਮਾਸ਼ਾ ਸਤਿਗੁਰੂ ਦੀ ਬਾਣੀ ਨੇ ਵੀ ਮੰਨਿਆ ਹੈ, ਕਹਿੰਦੇ ਨੇ :

"ਵਾਹੁ ਵਾਹੁ ਕਾ ਬਡਾ ਤਮਾਸਾ।।"

(ਗੁ.ਗ੍ਰੰ.ਸਾ.ਪੰਨਾ : 1403)

"ਬਾਜੀਗਰ ਡੰਕ ਬਜਾਈ।। ਸਭ ਖਲਕ ਤਮਾਸੇ ਆਈ।।"

(ਗੁ.ਗ੍ਰੰ.ਸਾ.ਪੰਨਾ : 655)

ਤਮਾਸ਼ੇ ਦਾ ਅੱਖਰੀ ਅਰਥ ਕੀ ਹੈ ? ਤਮਾਸ਼ੇ ਵਿੱਚ ਦੋ ਚੀਜ਼ਾਂ ਕੰਮ ਕਰਦੀਆਂ ਹੋ, ਤਮਾਸ਼ਾ ਕਹਿੰਦੇ ਹੀ ਉਦੋਂ ਹਨ ਜਦੋਂ ਵਿਸ਼ਾ (theme) ਅਸਲ ਹੋਵੇ, ਵੀਚਾਰ (thought) ਅਸਲ ਹੋਵੇ ਪਰ ਉਸ thought ਦੀ ਬਣਤਰ ਬਣਾ ਕੇ ਪੇਸ਼ (part) ਕਰਨ ਵਾਲਾ ਨਕਲ ਹੋਵੇ। ਇਹ ਗੱਲ ਬੜੀ ਸਮਝਣ ਵਾਲੀ ਹੈ, ਇਕ ਆਦਮੀ ਸੱਚਮੁੱਚ ਲੜ ਰਿਹਾ ਹੈ, ਜ਼ਖਮੀ ਹੋ ਗਿਆ ਹੈ, ਕਿਤੇ ਖ਼ੂਨ ਖਰਾਬਾ ਹੋ ਰਿਹਾ ਹੈ। ਕਿਤੇ ਕੋਈ ਚੋਰ ਚੋਰੀ ਕਰ ਰਿਹਾ ਦੇਖੋਗੇ ਤਾਂ ਫੌਰਨ ਪੁਲੀਸ ਨੂੰ ਖ਼ਬਰ ਦਿਓਗੇ ਫੋਨ ਕਰੋਗੇ, ਤੁਸੀਂ ਤਮਾਸ਼ਾ ਤਾਂ ਨਹੀਂ ਆਖੋਗੇ। ਪਰ ਫਿਲਮਾਂ ਵਿੱਚ ਵੀ ਲੋਕ ਲੜਦੇ ਹਨ, ਖ਼ੂਨ-ਖਰਾਬਾ ਹੁੰਦਾ ਹੈ, ਚੋਰੀਆਂ-ਡਾਕੇ ਹੁੰਦੇ ਹਨ ਤੇ ਕਦੇ ਕਿਸੇ ਦੇਖਣ ਵਾਲੇ ਨੇ ਪੁਲੀਸ ਨੂੰ ਫੋਨ ਨਹੀਂ ਕੀਤਾ। ਉਹਨੂੰ ਕਦੀ ਆਖਿਆ ਹੈ ਕਿ ਇਹ ਅਸਲ ਲੜਾਈ ਹੈ। ਲੜਾਈ ਹੈ ਪਰ ਕਿਸੇ ਦੀ ਨਕਲ ਹੈ, ਉਸਨੂੰ ਤਮਾਸ਼ਾ ਆਖਦੇ ਹਨ। ਇਹਦਾ ਮਤਲਬ ਹਰ ਨਕਲ ਦੇ ਪਿੱਛੇ ਕੋਈ ਅਸਲ ਖੜ੍ਹੀ ਹੈ। ਰੋਜ਼ਾਨਾ ਜੀਵਨ ਵਿੱਚ ਵੀ ਤਕਦੇ ਹਾਂ, ਜੇ ਕਿਤੇ ਬਾਜ਼ਾਰ ਵਿੱਚ ਦੋ ਭਰਾ ਲੜ ਰਹੇ ਹੋਣ, ਲਹੂ-ਲਹਾਨ ਹੋ ਜਾਣ, ਕੋਈ ਮਨੁੱਖ ਪਾਸੇ (side) 'ਤੇ ਖਲੋਤਾ ਹੱਸ ਰਿਹਾ ਹੋਵੇ, ਦੇਖ ਰਿਹਾ ਹੋਵੇ ਤਾਂ ਕੋਈ ਸਿਆਣਾ ਆਖੇਗਾ - ਭਲਿਆ ! ਇਹ ਕੋਈ ਤਮਾਸ਼ਾ ਹੈ। ਉਸਨੂੰ ਤਮਾਸ਼ਾ ਨਹੀਂ ਕਹੇਗਾ, ਇਹ ਅਸਲ ਵਿੱਚ ਲੜ ਰਹੇ ਨੇ। ਪਰ ਕਿਸੇ ਭਰਾਵਾਂ ਦੀ ਲੜਾਈ ਨੂੰ ਕੋਈ ਕਿਸੇ ਫਿਲਮ ਵਿੱਚ ਫਿਲਮਾ ਦੇਵੇ, ਉਥੇ ਵੀ ਦੋ ਭੂਮਿਕਾ (part) ਕਰਨ ਵਾਲੇ ਜਿਹੜੇ ਪਾਤਰ

ਅਦਾਕਾਰ (actor) ਆਪਸ ਵਿੱਚ ਭਰਾ ਦੇ ਰੂਪ ਵਿੱਚ ਆ ਜਾਣ ਤੇ ਉਸੇ ਤਰ੍ਹਾਂ ਲੜ ਰਹੇ ਹੋਣ ਤਾਂ ਉਹਨੂੰ ਵੇਖਣ ਵਾਲਾ ਹਰ ਦਰਸ਼ਕ ਆਖੇਗਾ ਕਿ ਮੈਂ ਤਮਾਸ਼ਾ ਪਿਆ ਵੇਖਦਾ ਹਾਂ ਕਿਉਂਕਿ ਤਮਾਸ਼ਾ ਉਦੋਂ ਬਣ ਗਿਆ ਹੈ। ਹੁਣ ਲੜਾਈ ਤਾਂ ਅਸਲ ਸੀ ਪਰ ਉਸਨੂੰ ਪਾਰਟ ਕਰਨ ਵਾਲਾ ਜਿਹੜਾ ਹੈ ਉਹ ਨਕਲ ਹੈ, ਉਹ ਤਾਂ ਕੇਵਲ ਪਾਰਟ ਹੀ ਕਰ ਰਿਹਾ ਹੈ, ਉਹਦੇ ਕਪੜੇ ਹੀ ਪਾ ਕੇ ਬੈਠਾ ਹੈ। ਜਿਵੇਂ ਅਕਬਰ ਦੀ ਕਹਾਣੀ ਤਾਂ ਅਸਲ ਸੀ ਪਰ ਅੱਜ ਅਕਬਰ ਦੀ ਕਹਾਣੀ ਨੂੰ ਕਿਸੇ ਫਿਲਮ ਵਿੱਚ ਫਿਲਮਾਉਣ ਵਾਲਾ ਜਿਹੜਾ ਪਾਤਰ ਬੈਠਾ ਹੈ, ਉਹ ਨਕਲ ਹੈ, ਉਸ ਨੂੰ ਤਮਾਸ਼ਾ ਕਹਿੰਦੇ ਨੇ। ਜਦੋਂ ਕਦੇ ਅਸਲ ਰੂਪ ਵਿੱਚ ਅਕਬਰ ਕਿਸੇ ਤਖ਼ਤ 'ਤੇ ਬੈਠਾ ਹੋਵੇਗਾ, ਉਹਦੇ ਬੈਠਣ ਨੂੰ ਕਦੇ ਕਿਸੇ ਨੇ ਤਮਾਸ਼ਾ ਨਹੀਂ ਆਖਿਆ ਹੋਵੇਗਾ। ਪਰ ਉਹਦੀ ਅਸਲ ਨੂੰ ਕਦੇ ਕੋਈ ਨਕਲ ਰੂਪ ਵਿੱਚ ਕਰ ਰਿਹਾ ਹੋਵੇ, ਤਮਾਸ਼ਾ ਉਦੋਂ ਬਣੇਗਾ। ਬਸ, ਇਹ ਇਕ ਗੱਲ ਸਮਝ ਕੇ ਅੱਗੇ ਤੁਰਨਾ ਹੈ।

ਇਹਦਾ ਮਤਲਬ ਹੈ ਹਰ ਤਮਾਸ਼ਾ ਉਸਨੂੰ ਆਖਿਆ ਜਾਂਦਾ ਹੈ ਜਿਹਦੇ ਪਿੱਛੇ theme ਅਸਲ ਹੋਵੇ ਪਰ ਪਾਰਟ ਕਰਨ ਵਾਲਾ ਕੋਈ ਨਕਲ ਹੋਵੇ। ਰੱਬ ਸੱਚ ਹੈ ਅਤੇ **"ਇਹ ਜਗ ਸਚੇ ਕੀ ਹੈ ਕੋਠੜੀ"** ਹੈ ਪਰ ਇਸ ਜਗਤ ਦੇ ਮੰਚ ਦੇ ਪਾਤਰ ਮਨੁੱਖ ਝੂਠ ਹੈ, ਇਹਦਾ ਪਾਰਟ ਵੀ ਝੂਠਾ ਹੈ। ਪਰ ਇਸ ਝੂਠ ਦੇ ਪਾਤਰਾਂ ਦੇ ਮੰਚ ਸੰਸਾਰ ਵਿੱਚ ਕੁਝ ਰੱਬ ਦੇ ਸੱਚੇ ਪਾਤਰ ਵੀ ਹਨ, ਉਹ ਦੂਜਾ ਵੱਖਰਾ ਵਰਨ ਹਨ

**"ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ।।**
**ਆਵਹਿ ਨ ਜਾਵਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ।।"**

(ਗੁ.ਗ੍ਰੰ.ਸਾ.ਪੰਨਾ : 855)

ਇਉਂ ਸੱਚ ਤੇ ਝੂਠ, ਧਰਮ ਤੇ ਅਧਰਮ ਦੋ ਵਰਨ ਹੋ ਗਏ। ਪਰ ਜੇ ਸੱਚ ਦੇ ਪਾਤਰ, ਸੱਚ ਦੀ ਖੇਡ ਖੇਡਣ ਵਾਲੇ ਵੀ ਝੂਠ ਦੀ ਖੇਡ ਵਿੱਚ ਸ਼ਾਮਲ ਹੋ ਕੇ ਇਕ ਵਰਨ ਹੋ ਜਾਣ ਤਾਂ ਰੱਬ ਨੂੰ ਫਿਕਰ ਹੋਵੇਗਾ ਹੀ। ਤੇ ਗੁਰੂ ਆਖ ਰਹੇ ਨੇ **"ਦੇਖਨ ਆਇਓ ਜਗਤ ਤਮਾਸ਼ਾ"**, ਇਹਦਾ ਮਤਲਬ ਗੁਰੂ ਮਹਿਸੂਸ ਕਰਦਾ ਹੈ ਕਿ ਸੱਚ ਨੂੰ ਕੇਵਲ ਕੋਈ ਫਿਲਮਾ ਰਿਹਾ ਹੈ, ਸੱਚ ਦਾ ਕੋਈ ਪਾਰਟ ਅਦਾ ਕਰ ਰਿਹਾ ਹੈ ਤੇ ਪਾਰਟ ਸੱਚ ਨਹੀਂ। ਕਿਤੇ ਐਸਾ ਤੇ ਨਹੀਂ ਕਿ ਉਸ ਤਮਾਸ਼ੇ ਵਿੱਚ ਅਸੀਂ ਵੀ ਸ਼ਾਮਿਲ ਹੋ ਗਏ ਹੋਈਏ।

ਸਿੱਖੀ ਇੱਕ ਸਿਧਾਂਤ ਹੈ, ਸਿੱਖ ਇੱਕ ਸੱਚ ਹੈ ਪਰ ਜਿਹੜਾ ਅੱਜ ਸੰਸਾਰ ਦੇ ਮੰਚ 'ਤੇ ਸਿੱਖੀ ਦਾ ਪਾਰਟ ਅਦਾ ਕਰ ਰਿਹਾ ਹੈ, ਉਹ ਜ਼ਿਆਦਾਤਰ ਤਮਾਸ਼ਾ ਹੈ। ਤੇ ਤਮਾਸ਼ੇ ਦੀ ਨਿਸ਼ਾਨੀ ਕੀ ਹੁੰਦੀ ਹੈ ? ਇਕ ਉਦਾਹਰਣ ਦੇਣਾ ਚਾਹਾਂਗਾ - ਜਦੋਂ ਕਿਸੇ ਨੇ ਤਮਾਸ਼ਾ ਰਚਨਾ ਹੁੰਦਾ ਹੈ, ਉਦੋਂ ਕਈ ਵਾਰ ਗ਼ਰੀਬ ਸਾਧਾਰਣ ਮਨੁੱਖ ਨੂੰ ਫੜ ਕੇ ਲੈ ਆਉਂਦੇ ਨੇ ਤੇ ਉਹਨੂੰ ਆਖਦੇ ਨੇ - ਭਈ ਦੇਖ ! ਸਾਡੇ ਤਮਾਸ਼ੇ ਵਿੱਚ ਇੱਕ ਤੂੰ ਪਾਰਟ ਕਰਨਾ ਹੈ, ਤੂੰ ਬਾਦਸ਼ਾਹ ਵਾਲੇ ਖ਼ੂਬਸੂਰਤ ਕਪੜੇ ਪਾ ਕੇ ਤਖ਼ਤ 'ਤੇ ਬਹਿ ਜਾਈਂ, ਲੋਕ ਤੇਰੇ ਸਾਹਮਣੇ ਸਲਾਮਾਂ ਵੀ ਕਰਨਗੇ, ਉਸੇ ਤਰ੍ਹਾਂ ਹਾਕਮ ਬਣ ਕੇ ਹਕੂਮਤ ਵੀ ਕਰੀਂ, ਸ਼ਾਮਾਂ ਨੂੰ ਜਦੋਂ ਪਾਰਟ ਖ਼ਤਮ ਹੋ ਜਾਏਗਾ, ਜਦੋਂ ਇਹ



ਨਾਟਕ ਖ਼ਤਮ ਹੋ ਜਾਏਗਾ, ਉਸੇ ਵੇਲੇ ਤੈਨੂੰ ਪੰਜਾਹ ਰੁਪਏ ਦਿਹਾੜੀ ਮਿਲ ਜਾਏਗੀ। ਕਪੜੇ ਖ਼ੂਬਸੂਰਤ ਪਹਿਨਾ ਦਿੱਤੇ, ਬਹਿ ਗਿਆ ਤਖ਼ਤ 'ਤੇ ਅਤੇ ਹਕੂਮਤ ਵੀ ਕਰ ਰਿਹਾ ਹੈ। ਜਿਹੜੇ ਤਾਂ ਅੱਖਾਂ ਖੋਲ੍ਹ ਕੇ ਨਹੀਂ ਵੇਖਦੇ ਤੇ ਜਿਨ੍ਹਾਂ ਨੇ ਇਹ ਤਮਾਸ਼ਾ ਦੇਖਿਆ ਹੀ ਨਹੀਂ, ਉਨ੍ਹਾਂ ਨੂੰ ਤਾਂ ਨਹੀਂ ਪਤਾ। ਜਿਨ੍ਹਾਂ ਨੇ ਉਸ ਤਮਾਸ਼ੇ ਦੇ ਦੇਖਣ ਵਿੱਚ ਹਿੱਸਾ ਲਿਆ, ਉਨ੍ਹਾਂ ਨੂੰ ਪਤਾ ਹੈ ਕਿ ਕੋਈ ਕਲ ਦਾ ਮੰਗਤਾ, ਦਰ-ਦਰ ਮੰਗਣ ਵਾਲਾ, ਗਲੀਆਂ-ਬਾਜ਼ਾਰਾਂ ਵਿੱਚ ਮਜ਼ਦੂਰੀ ਕਰਨ ਵਾਲੇ ਨੂੰ ਇਹ ਕਪੜੇ ਪਹਿਨਾ ਕੇ ਤਖ਼ਤ 'ਤੇ ਬਿਠਾ ਦਿੱਤਾ ਗਿਆ ਹੈ ਅਤੇ ਉਹ ਹਕੂਮਤ ਕਰ ਰਿਹਾ ਹੈ। ਤਾਂ ਵਿਸ਼ਵਾਸ ਕਰਿਓ ! ਉਹ ਖ਼ੂਬਸੂਰਤ ਕਪੜੇ ਪਾ ਕੇ ਖ਼ੁਸ਼ ਨਹੀਂ ਹੋ ਰਿਹਾ, ਇਸ ਲਈ ਕਪੜਿਆਂ ਦੀ ਉਹਨੂੰ ਖ਼ੁਸ਼ੀ ਕੋਈ ਨਹੀਂ, ਆਪਣੇ ਭੇਖ ਦੀ ਉਹਨੂੰ ਖ਼ੁਸ਼ੀ ਬਿਲਕੁਲ ਕੋਈ ਨਹੀਂ, ਉਹ ਤੇ ਉਹਨੇ ਲੋਕਾਂ ਵਾਸਤੇ ਪਾਏ ਨੇ, ਕਿਸੇ ਲੋੜ ਲਈ ਪਾਏ ਨੇ, ਉਹ ਬਾਦਸ਼ਾਹ ਤਾਂ ਹੈ ਨਹੀਂ। ਉਹ ਤਾਂ ਕੇਵਲ ਐਨੀ ਕੁ ਖ਼ੁਸ਼ੀ ਮਾਨ ਰਿਹਾ ਹੈ ਕਿ ਭਲਾ ਕਦੋਂ ਇਹ 4-6 ਘੰਟੇ ਦਾ ਨਾਟਕ, ਤਮਾਸ਼ਾ ਖ਼ਤਮ ਹੋਵੇ, ਮੈਂ ਇਹ ਕਪੜੇ ਲਾ ਕੇ ਵਗ੍ਹਾ ਮਾਰਾਂ, ਮੈਨੂੰ ਪੰਜਾਹ ਰੁਪਏ ਦਿਹਾੜੀ ਮਿਲੇ ਤੇ ਮੈਂ ਤੁਰਾਂ। ਉਹ ਤਾਂ ਪੰਜਾਹ ਰੁਪਏ ਦਿਹਾੜੀ ਲਈ ਬੈਠਾ ਹੈ ਕਪੜੇ ਪਾ ਕੇ ਬਾਦਸ਼ਾਹ ਦੇ। ਕਪੜੇ ਬਾਦਸ਼ਾਹ ਦੇ ਪਰ ਉਡੀਕ ਪੰਜਾਹ ਰੁਪਏ ਦਿਹਾੜੀ ਦੀ। ਸਤਿਗੁਰੂ ਨੇ ਬਾਣੀ 'ਚ ਇਕ ਸ਼ਬਦ ਵਿੱਚ ਵੀ ਜ਼ਿਕਰ ਕੀਤਾ ਹੈ :

"ਅਨਿਕ ਸ੍ਵਾਂਗ ਕਾਛੇ ਭੇਖਧਾਰੀ।। ਜੈਸੋ ਸਾ ਤੈਸੋ ਦ੍ਰਿਸਟਾਰੀ।।"

(ਗੁ.ਗ੍ਰੰ.ਸਾ.ਪੰਨਾ : 1299)

ਕਹਿਣ ਲੱਗੇ - ਅਨੇਕ ਸੁਆਂਗ ਰਚਦਾ ਹੈ ਸੁਆਂਗ ਰਚਣਵਾਲਾ ਸੁਆਂਗੀ, ਨਾਟਕਕਾਰ ਪਰ ਜਦੋਂ ਕਪੜੇ ਲਾਹੁੰਦਾ ਹੈ ਉਦੋਂ ਪਤਾ ਲਗਦਾ ਹੈ, ਇਹ ਜਿਹੋ ਜਿਹਾ ਸੀ ਉਹੋ ਜਿਹਾ ਹੀ ਹੈ। ਕਪੜੇ ਤਾਂ ਇਹਨੇ ਕੇਵਲ ਦੋ-ਚਾਰ ਘੰਟੇ ਲਈ ਪਹਿਨੇ ਸਨ ਕੇਵਲ ਮਜ਼ਦੂਰੀ ਲੈਣ ਦੀ ਖਾਤਿਰ, ਬਸ। ਜਿਹੜਾ ਇਉਂ ਕਪੜੇ ਪਾਵੇ, ਉਸਨੂੰ ਅਸੀਂ ਆਖਦੇ ਹਾਂ ਨਾਟਕਕਾਰ, ਤਮਾਸ਼ੇ ਵਾਲਾ ਜਿਹੜਾ ਅਸਲ ਜੀਵਨ ਦੇ ਸਿਧਾਂਤ 'ਤੇ ਨਿਰਭਰ ਹੁੰਦਾ ਹੈ ਪਰ ਕਰਨ ਵਾਲਾ ਅਸਲ ਨਹੀਂ ਹੁੰਦਾ। ਕੋਈ ਅਕਬਰ ਦੇ ਅਸਲ ਰੂਪ 'ਤੇ ਨਿਰਭਰ ਹੈ ਪਰ ਅਕਬਰ ਦਾ ਪਾਰਟ ਅਦਾ ਕਰਨ ਵਾਲਾ ਤਾਂ ਅਕਬਰ ਨਹੀਂ। ਕੋਈ ਮਹਾਰਾਜ ਰਣਜੀਤ ਸਿੰਘ ਦੇ ਨਾਂ 'ਤੇ ਨਾਟਕ ਖੇਡਿਆ ਜਾ ਰਿਹਾ ਹੈ, ਬਣਤਰ ਉਹੋ ਹੀ ਹੈ, ਕਹਾਣੀ ਉਹੋ ਹੀ ਹੈ ਜੋ ਕਦੀ ਅਸਲ ਸੀ ਪਰ ਮਹਾਰਾਜਾ ਬਣ ਬੈਠਣ ਵਾਲਾ ਤਾਂ ਮਹਾਰਾਜਾ ਰਣਜੀਤ ਸਿੰਘ ਨਹੀਂ।

ਬਸ ! ਮੈਨੂੰ ਅੱਜ ਦੀ ਸਾਡੀ ਜ਼ਿੰਦਗੀ ਦੇ ਤਮਾਸ਼ੇ ਵਿੱਚੋਂ ਇਹੋ ਦਿੱਸਦਾ ਹੈ ਤੇ ਮੈਂ ਤੁਹਾਨੂੰ ਇਹ ਵਿਸ਼ਵਾਸ ਦੁਆਉਣਾ ਚਾਹੁੰਦਾ ਹਾਂ ਕਿ ਮਤ ਸਮਝਿਓ, ਗੁਰੂ ਕੋਲੋਂ ਇਹ ਤਮਾਸ਼ਾ ਭੁੱਲਿਆ ਹੋਇਆ ਹੈ, ਅਸੀਂ-ਤੁਸੀਂ ਬੇਸ਼ਕ ਅੱਖਾਂ ਮੀਟ ਕੇ ਲੰਘ ਜਾਈਏ ਪਰ ਗੁਰੂ ਦੇਖ ਰਿਹਾ ਹੈ ਕਿ ਸਿੱਖ ਸਿਧਾਂਤ ਕਿਵੇਂ ਰੋਲਿਆ ਜਾ ਰਿਹਾ ਹੈ, ਸੰਸਾਰ ਅੰਦਰ ਇਕ ਸਿੱਖੀ ਦਾ ਨਾਟਕ ਹੋ ਰਿਹਾ ਹੈ। ਧਾਰਮਿਕ ਪਦਵੀਆਂ ਦੇ ਮੁਖੀ ਵੀ ਅੱਜ ਝੂਠੀ ਸਿਆਸਤ ਦੀ ਖੇਡ ਦੇ ਭਾਈਵਾਲ ਦਿੱਸਦੇ ਹਨ। ਇਕ ਪਾਸੇ ਆਖਿਆ ਜਾਂਦਾ ਕਿ 1999 ਦੀ ਵਿਸਾਖੀ 'ਚ ਸਿੰਘੋਂ, ਸਾਰੀ ਕੌਮ ਨੂੰ ਅੰਮ੍ਰਿਤਧਾਰੀ

ਕਰ ਦੇਈਏ, ਦੂਜੇ ਪਾਸੇ ਸ਼ਰਾਬ ਪੀਣ ਵਾਲੇ ਅਤੇ ਸ਼ਰਾਬ ਦੇ ਠੇਕਿਆਂ ਦੇ ਵੱਡੇ ਠੇਕੇਦਾਰ ਅੱਜ ਦੇ ਪੰਥ ਦੇ ਆਗੂਆਂ ਵਿੱਚ ਸ਼ਾਮਲ ਹਨ। ਪਰ ਸਿੱਖੀ ਨਾਅਰਿਆਂ 'ਤੇ ਵਿਸ਼ਵਾਸ ਨਹੀਂ ਰਖਦੀ, ਸਿੱਖੀ ਵਿਸ਼ਵਾਸ ਰਖਦੀ ਹੈ practically implementation 'ਤੇ, ਤੁਸੀਂ ਕਰਦੇ ਕੀ ਹੋ ?

ਇਸ ਨੂੰ ਇਕ ਉਦਾਹਰਣ ਲੈ ਕੇ ਸਮਝੀਏ - ਕਦੀ ਇਹ ਗੱਲ ਔਰੰਗਜ਼ੇਬ ਨੇ ਵੀ ਸੋਚੀ ਸੀ ਕਿ ਸਾਰੇ ਹਿੰਦੁਸਤਾਨੀਆਂ ਨੂੰ ਮੁਸਲਮਾਨ ਕਰ ਦੇਣਾ ਹੈ। ਤੇ ਔਰੰਗਜ਼ੇਬ ਬੜਾ ਸਿਆਣਾ ਸੀ, ਸਾਡੇ ਨਾਲੋਂ ਸਿਆਣਾ ਸੀ, ਉਹਨੇ ਆਖਿਆ ਕਿ ਜਿੰਨੇ ਹਿੰਦੁਸਤਾਨ ਵਿੱਚ ਹਿੰਦੂ ਵੱਸਦੇ ਨੇ ਉਹ ਸਾਰੇ ਕਿਸੇ ਨਾ ਕਿਸੇ ਬ੍ਰਾਹਮਣ ਦੇ ਘੇਰੇ ਵਿੱਚ ਹਨ, ਕਿਉਂਕਿ ਹਿੰਦੂ ਬ੍ਰਾਹਮਣ ਦੀ ਅਗਵਾਈ ਵਿੱਚ ਹੁੰਦਾ ਹੈ। ਧਾਰਮਿਕ ਤੌਰ 'ਤੇ ਹਿੰਦੂਮਤ (Hinduism) ਦਾ ਆਗੂ ਬ੍ਰਾਹਮਣ ਹੈ। ਇਸ ਲਈ ਔਰੰਗਜ਼ੇਬ ਨੇ ਸੋਚਿਆ ਕਿ ਮੈਂ ਬ੍ਰਾਹਮਣ ਨੂੰ ਮੁਸਲਮਾਨ ਬਣਾ ਲਵਾਂ ਤਾਂ ਸਾਰੀ ਹਿੰਦੂ ਕੌਮ ਨੂੰ ਮੁਸਲਮਾਨ ਬਣਾਉਣਾ ਆਸਾਨ ਹੋ ਜਾਏਗਾ ਤੇ ਜਦੋਂ ਉਹ ਮੁਸਲਮਾਨ ਹੋ ਜਾਣਗੇ ਉਹ ਆਪੇ ਹੋਰਨਾਂ ਨੂੰ ਪ੍ਰੇਰ-ਪ੍ਰੇਰ ਕੇ ਮੁਸਲਮਾਨ ਬਣਾਈ ਜਾਣਗੇ। ਔਰੰਗਜ਼ੇਬ ਨੇ ਐਨੀ ਖ਼ੂਬਸੂਰਤ ਕਾਢ ਕੱਢੀ, ਉਹਨੇ ਫੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਓ ਤੇ ਬ੍ਰਾਹਮਣ ਦਾ ਸਭ ਤੋਂ ਵੱਡਾ ਘਰ ਸੀ ਕਸ਼ਮੀਰ। ਉਹਨੇ ਆਪਣਾ ਕੰਮ ਕਸ਼ਮੀਰ ਤੋਂ ਆਰੰਭ ਕੀਤਾ। ਇਹੋ ਕਾਰਣ ਸੀ ਕਸ਼ਮੀਰੀ ਪੰਡਿਤ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚਰਨਾਂ ਵਿੱਚ ਪਨਾਹ ਲੈਣ ਲਈ ਆਏ ਕਿਉਂਕਿ ਕੰਮ ਉਥੋਂ ਸ਼ੁਰੂ ਹੋਇਆ। ਮੈਂ ਇਕ ਅਰਜ਼ ਕਰਾਂ, ਭਾਵੇਂ ਕਿਸੇ ਦੁਸ਼ਮਨ ਦੇ ਵਿੱਚੋਂ ਵੀ ਕੋਈ ਗੁਣ, ਕੋਈ ਚੰਗਿਆਈ, ਕੋਈ ਪ੍ਰੇਰਣਾ ਮਿਲੇ ਤਾਂ ਲੈ ਲੈਣੀ ਚਾਹੀਦੀ ਹੈ। ਜੇ ਤੁਹਾਡੇ ਮਨ ਵਿੱਚ ਇਹ ਸੀ ਕਿ ਸੰਪੂਰਨ ਸਿੱਖੀ ਨੂੰ ਅੰਮ੍ਰਿਤਧਾਰੀ ਕਰ ਦੇਣਾ ਹੈ, ਤਾਂ ਬਹੁਤ ਵਧੀਆ ਸੋਚ ਹੈ। ਪਰ ਇਸ ਲਈ ਤਰੀਕਾ ਤੇ ਅਪਣਾਓ।

ਕਿਉਂਕਿ ਹਰ ਸਿੱਖ ਕਿਸੇ ਨਾ ਕਿਸੇ ਗੁਰਦੁਆਰੇ ਨਾਲ ਸੰਬੰਧਿਤ ਹੈ, ਜਿੱਥੇ ਦਸ ਸਿੱਖ ਜਿਸ ਮਹੱਲੇ ਵਿੱਚ ਰਹਿੰਦੇ ਹਨ, ਉਥੇ ਗੁਰਦੁਆਰਾ ਜ਼ਰੂਰ ਬਣਾ ਲੈਂਦੇ ਹਨ। ਇਸ ਲਈ ਸਭ ਤੋਂ ਆਸਾਨ ਤਰੀਕਾ ਹੋਵੇਗਾ, ਸਭ ਤੋਂ ਪਹਿਲਾਂ ਜੇ ਕਦੇ ਅਸੀਂ ਕੇਵਲ ਤੇ ਕੇਵਲ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਅੰਮ੍ਰਿਤਧਾਰੀ ਕਰ ਲਈਏ, ਤੇ ਬਾਕੀ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਕਰਨਾ ਆਸਾਨ ਹੋ ਜਾਵੇਗਾ। ਜੇ ਉਹ ਅੰਮ੍ਰਿਤਧਾਰੀ ਹੋਣਗੇ, ਕਿਉਂਕਿ ਹਰ ਸਿੱਖ ਨੇ ਕਿਸੇ ਨਾ ਕਿਸੇ ਗੁਰਦੁਆਰੇ ਜਾਣਾ ਹੈ, ਅੰਮ੍ਰਿਤਧਾਰੀ ਪ੍ਰਬੰਧਕ ਅੰਮ੍ਰਿਤ ਲਈ ਪ੍ਰੇਰਣਾ ਦੇਣਗੇ ਤਾਂ ਇਹ ਆਸਾਨ ਹੋ ਜਾਵੇਗਾ। ਇਕ-ਇਕ ਥਾਵੇਂ ਸਾਨੂੰ ਪਹੁੰਚਣ ਦੀ ਬਜਾਏ ਪ੍ਰਬੰਧਕ ਆਪੇ ਹੀ ਕੰਮ ਕਰੀਂ ਜਾਣਗੇ, ਜੇ ਅਸੀਂ ਮੁੱਢਲੇ ਰੂਪ ਵਿੱਚ ਕੇਵਲ ਪ੍ਰਬੰਧਕਾਂ ਨੂੰ ਹੀ ਅੰਮ੍ਰਿਤਧਾਰੀ ਬਣਾ ਲਈਏ। ਇਸ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਆਪਣੇ ਆਪ ਨੂੰ ਪੰਥ ਅਖਵਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪਹਿਲਾਂ ਬੁਲਾ ਕੇ ਇਹਨਾਂ ਸਭ ਤੋਂ ਪੁੱਛਿਆ ਜਾਏ ਕਿ ਸਾਰੇ ਅੰਮ੍ਰਿਤਧਾਰੀ ਹਨ ਕਿ ਨਹੀਂ, ਜਿਨ੍ਹਾਂ ਵਿੱਚ ਕਮਜ਼ੋਰੀ ਨਜ਼ਰ ਆਵੇ ਉਨ੍ਹਾਂ ਨੂੰ ਅੰਮ੍ਰਿਤਧਾਰੀ ਨਿਯਮਾਂ ਵਿੱਚ ਲੈ ਆਇਆ ਜਾਏ। ਇਹ ਕੰਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਸਾਨੀ ਨਾਲ



ਹੋ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਿਆਰ ਸਹਿਤ ਸਿੱਖਾਂ ਦੇ ਸਾਰੇ ਗੁਰਦੁਆਰਿਆਂ ਅਤੇ ਧਰਮ ਸਥਾਨਾਂ ਦੇ ਪ੍ਰਬੰਧਕਾਂ ਨੂੰ ਅੰਮ੍ਰਿਤਧਾਰੀ ਹੋਣ ਲਈ ਹਦਾਇਤਾਂ ਕੀਤੀਆਂ ਜਾਣ।

ਆਪਾਂ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਉਨ੍ਹਾਂ ਦੇ ਘਰ ਪੁੱਜ ਕੇ ਨਹੀਂ ਬਣਾ ਸਕਾਂਗੇ। ਆਪਣੇ ਕੇਵਲ ਨਾਅਰੇ ਰਹਿ ਜਾਣਗੇ। ਤੇ ਗੁਰਮਤਿ ਦੀ ਦੁਨੀਆਂ ਵਿੱਚ ਨਿਰਾ ਨਾਅਰਾ ਵੀ ਪ੍ਰਵਾਨ ਨਹੀਂ, ਕਰਨੀ ਪ੍ਰਵਾਨ ਹੈ -

**"ਕਹਨ ਕਹਾਵਨ ਸਗਲ ਜੰਜਾਰ।। ਨਾਨਕ ਦਾਸ ਸਚੁ ਕਰਣੀ ਸਾਰ।।"**

(ਗੁ.ਗ੍ਰੰ.ਸਾ.ਪੰਨਾ : 1299)

ਕਰਨੀ ਦੀ ਜ਼ਰੂਰਤ ਹੈ, ਕਥਨੀ ਦੀ ਨਹੀਂ। ਇਸ ਲਈ ਉਪਰਾਲਾ ਉਹ ਕਰੋ ਜਿਹਦੇ ਵਿੱਚ ਸਾਰਿਆਂ ਦਾ ਭਵਿੱਖ ਹੈ, ਉਹ practically ਸਾਹਮਣੇ ਨਜ਼ਰ ਆਵੇ। ਤੇ ਮੈਂ ਫੇਰ ਦੋਹਰਾਉਣਾ ਚਾਹੁੰਦਾ ਹਾਂ, ਪਹਿਲਾਂ ਪ੍ਰਬੰਧਕ ਵੀਰਾਂ ਨੂੰ ਅੰਮ੍ਰਿਤਧਾਰੀ ਕਰੋ।

ਅੱਜ ਸਾਨੂੰ ਇਉਂ ਦਿੱਸਦਾ ਹੈ ਜਿਵੇਂ ਸਾਡਾ ਜੀਵਨ ਇੱਕ ਸਿੱਖੀ ਦਾ ਨਾਟਕ ਬਣ ਗਿਆ ਹੈ, ਜਿਵੇਂ ਸਾਡੀ ਜ਼ਿੰਦਗੀ ਸਿੱਖੀ ਦਾ ਤਮਾਸ਼ਾ ਬਣ ਕੇ ਰਹਿ ਗਈ ਹੈ। ਅਸੀਂ ਤੁਸੀਂ ਅੱਖਾਂ ਮੀਟ ਲਈਏ, ਖ਼ਾਮੋਸ਼ ਹੋ ਕੇ ਲੰਘ ਜਾਈਏ ਪਰ ਗੁਰੂ ਜਿਵੇਂ ਸਦੀਆਂ ਪਹਿਲਾਂ ਜਗਤ ਤਮਾਸ਼ਾ ਦੇਖ ਰਿਹਾ ਸੀ, ਉਸੇ ਤਰ੍ਹਾਂ ਅੱਜ ਇਸ ਸਿੱਖੀ ਤਮਾਸ਼ਾ ਨੂੰ ਵੀ ਦੇਖ ਰਿਹਾ ਹੈ ਤੇ ਨਾਲ ਇਹ ਵੀ ਕਹਿੰਦਾ ਹੈ - ਭਲਿਓ, ਮੈਂ ਤਮਾਸ਼ਾ ਵੇਖ ਕੇ ਖਾਮੋਸ਼ ਨਹੀਂ ਰਹਿ ਸਕਦਾ, ਸਤਿਗੁਰੂ ਕਹਿੰਦੇ ਨੇ'

**"ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ। ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।"**

ਇੱਕ ਖਿਆਲ ਕਰਿਓ ! ਰਾਤ ਦੇ ਅੰਧੇਰੇ ਵਿੱਚ ਕੁਝ ਨਾ ਦਿੱਸਦਾ ਹੋਵੇ, ਅੱਖਾਂ ਵਿੱਚ ਵੀ ਜੋਤ ਨਾ ਹੋਵੇ ਤੇ ਕੋਈ ਮਨੁੱਖ ਰਾਹ ਜਾਂਦਿਆਂ ਠੇਡਾ ਖਾ ਕੇ ਖੂਹ ਵਿੱਚ ਡਿੱਗ ਪਵੇ ਪਰ ਦੂਜੇ ਪਾਸੇ ਉਹ ਮਨੁੱਖ ਹੋਵੇ ਜਿਹੜਾ ਦਿਨ ਦੇ ਚਾਨਣ ਵਿੱਚ ਆਪ ਖੂਹ 'ਚ ਛਾਲ ਮਾਰੇ। ਦੋਹਾਂ ਦੇ ਡਿੱਗਣ ਦੀ ਆਵਾਜ਼ ਸੁਣ ਕੇ ਕੋਈ ਆਵੇ ਤੇ ਉਹਨਾਂ ਦੋਹਾਂ ਨੂੰ ਬਾਹਰ ਕੱਢ ਲਏ। ਭਲਾ, ਦੋਹਾਂ ਵਿੱਚੋਂ ਕਿਸੇ ਨੂੰ ਸਜ਼ਾ ਮਿਲੇਗੀ, ਕਿਸੇ ਨੂੰ ਛੱਡਿਆ ਵੀ ਜਾਏਗਾ ਹਾਲਾਂਕਿ ਜਾਨ ਉਨ੍ਹਾਂ ਦੀ ਆਪਣੀ ਹੈ। ਜਿਹੜਾ ਡਿੱਗ ਪਿਆ ਹੈ ਜੋਤ ਨਾ ਹੋਣ ਕਰਕੇ, ਹਨ੍ਹੇਰੇ ਕਰਕੇ ਅਨਜਾਣੇ ਡਿੱਗ ਪਿਆ ਹੈ ਉਹਦੀ ਵੀ ਜਾਨ ਆਪਣੀ ਹੈ ਅਤੇ ਜਿੰਨੇ ਜਾਣ ਕੇ ਛਾਲ ਮਾਰੀ ਹੈ ਉਹਦੀ ਵੀ ਜਾਨ ਆਪਣੀ ਹੈ। ਪਰ ਤੁਸੀਂ ਵੇਖਦੇ ਹੋ ਜਿਹੜਾ ਜਾਣ ਕੇ ਛਾਲ ਮਾਰਦਾ ਹੈ, ਜੇ ਉਹ ਬੱਚ ਜਾਏ ਤਾਂ ਉਹਦੇ 'ਤੇ ਕੇਸ ਦਾਇਰ ਹੁੰਦਾ ਹੈ। ਖੂਹ ਵਿੱਚੋਂ ਉਹਨੂੰ ਕੱਢ ਲੈਂਦੇ ਨੇ, ਜੇਲ੍ਹ ਵਿੱਚ ਸੁੱਟ ਦਿੰਦੇ ਨੇ, ਬੜੀ ਅਜੀਬ ਗੱਲ ਹੈ। ਜੇ ਉਹ ਆਖੇ ਜਾਨ ਮੇਰੀ ਸੀ, ਮੈਂ ਆਪਣੀ ਜਾਨ ਆਪ ਗੁਆਉਣਾ ਚਾਹੁੰਦਾ ਹਾਂ। ਹਾਲਾਂਕਿ ਦੂਜਾ ਵੀ ਤੇ ਖੂਹ ਵਿੱਚ ਡਿੱਗਿਆ ਹੈ, ਜਿਹੜਾ ਡਿੱਗਿਆ ਹੈ ਉਹਨੂੰ ਤੁਸੀਂ ਕੱਢ ਕੇ ਹਮਦਰਦੀ ਜ਼ਾਹਿਰ ਕੀਤੀ ਹੈ। ਕੀ ਆਖਦੇ ਹੋ ? ਕਹਿੰਦੇ ਨੇ, ਭਈ ਉਹ ਆਪ ਨਹੀਂ ਡਿੱਗਿਆ, ਉਹਦਾ ਦੋਸ਼ ਕੋਈ ਨਹੀਂ। ਜਿਹੜਾ ਖੁਦਕੁਸ਼ੀ ਕਰੇ, ਦੋਸ਼ੀ ਉਹ ਹੁੰਦਾ ਹੈ ਭਾਵੇਂ ਗੱਡੀ ਥੱਲੇ ਸਿਰ ਦਿੰਦਾ ਪਹਿਲਾਂ ਫੜਿਆ ਜਾਵੇ ਤੇ ਭਾਵੇਂ ਖੂਹ ਵਿੱਚ ਛਾਲ ਮਾਰਦਾ ਕੱਢ

ਲਿਆ ਜਾਵੇ। ਕਿਉਂਕਿ ਉਹ ਆਪ ਮਰਜ਼ੀ ਨਾਲ ਖੂਹ ਵਿੱਚ ਛਾਲ ਮਾਰ ਰਿਹਾ ਹੈ ਇਸ ਲਈ ਉਹਦੀ ਸਜ਼ਾ ਉਸਨੂੰ ਮਿਲਦੀ ਹੈ। ਜਿਹੜਾ ਅਣਜਾਣੇ ਡਿੱਗ ਪਿਆ ਹੈ, ਉਹਦੇ ਨਾਲ ਹਮਦਰਦੀ ਹੈ, ਭਾਵੇਂ ਕੱਢਿਆ ਦੋਹਾਂ ਨੂੰ ਹੈ।

ਭਲਿਓ ! ਦੁੱਖ ਇਸ ਗੱਲ ਦਾ ਹੁੰਦਾ ਹੈ ਜਦੋਂ ਅਣਜਾਣੇ ਕਿਸੇ ਐਸੀ ਥਾਵੇਂ, ਦੇਸ਼ ਵਿਦੇਸ਼ ਵਿੱਚ ਕੁਝ ਗੁਰਦੁਆਰਿਆਂ ਦੇ ਪ੍ਰਬੰਧਕ ਅੰਮ੍ਰਿਤਧਾਰੀ ਨਹੀਂ ਹਨ, ਜਿਨ੍ਹਾਂ ਨੇ ਗੁਰਮਤ ਨਾ ਪੜ੍ਹੀ ਹੋਵੇ, ਜਾਣੇ-ਅਣਜਾਣੇ ਕੋਈ ਗ਼ਲਤੀ ਕਰ ਬਹਿਣ ਤਾਂ ਉਹ ਤਾਂ ਇਉਂ ਹੀ ਹੋਵੇਗਾ ਜਿਵੇਂ ਅਣਜਾਣੇ ਕੋਈ ਖੂਹ ਵਿੱਚ ਡਿੱਗ ਪਿਆ। ਉਹਦੇ ਨਾਲ ਹਮਦਰਦੀ ਹੋ ਸਕਦੀ ਹੈ, ਭਈ ਉਨ੍ਹਾਂ ਨੂੰ ਪਤਾ ਨਹੀਂ, ਇਨ੍ਹਾਂ ਨੂੰ ਗੁਰਮਤ ਪੜ੍ਹਾਉਣ ਤੇ ਪਿਆਰ ਨਾਲ ਸਮਝਾਉ ਕਿ ਪ੍ਰਚਾਰਕ ਅਤੇ ਪ੍ਰਬੰਧਕ ਦਾ ਅੰਮ੍ਰਿਤਧਾਰੀ ਹੋਣਾ ਕਿਉਂ ਜ਼ਰੂਰੀ ਹੈ। ਪਰ ਸਾਡੀਆਂ ਮੁੱਖ ਸੰਸਥਾਵਾਂ ਦੇ ਪ੍ਰਬੰਧਕ ਵੀਰ ਜਿਹੜੇ ਗੁਰਮਤਿ ਦੇ ਆਗੂ ਅਖਵਾਉਂਦੇ ਹੋਣ, ਜਿਨ੍ਹਾਂ ਨੂੰ ਹਰ ਰੋਜ਼ ਇਸ ਲਈ ਮਾਨ-ਸਨਮਾਨ ਤੇ ਫੁੱਲਾਂ ਦੇ ਹਾਰ ਪਾਏ ਜਾਂਦੇ ਹੋਣ ਕਿ ਇਹ ਸਾਡੀ ਸਿੱਖੀ ਤੌਰ 'ਤੇ ਅਗਵਾਈ ਕਰਨਗੇ ਅਤੇ ਜੇ ਉਹ ਆਪ ਜਾਣਦੇ ਹੋਇਆਂ ਸਭ ਕੁਝ ਕਿ ਇਹ ਗੁਰਮਤਿ ਨਹੀਂ ਮਨਮਤ ਹੈ ਤੇ ਫੇਰ ਉਹਦੇ ਵਿੱਚ ਛਾਲ ਮਾਰਣ, ਉਨ੍ਹਾਂ ਨੂੰ ਗੁਰੂ ਨਹੀਂ ਬਖਸ਼ੇਗਾ। ਜਿਹੜਾ ਹੱਥ ਵਿੱਚ ਦੀਵਾ ਲੈ ਕੇ ਖੂਹ ਵਿੱਚ ਛਾਲ ਮਾਰੇ, ਉਹਦੇ ਨਾਲ ਕੋਈ ਲਿਹਾਜ਼ ਨਹੀਂ।

**"ਕਬੀਰ ਮਨ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ।।**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ।। "**

(ਗੁ.ਗ੍ਰੰ.ਸਾ.ਪੰਨਾ : 1376)

ਗੁਰੂ ਨੇ ਅੱਖਾਂ ਨਹੀਂ ਮੀਟੀਆਂ ਹੋਈਆਂ, ਗੁਰੂ ਇਹ ਸਭ ਤਮਾਸ਼ਾ ਦੇਖ ਰਿਹਾ ਹੈ ਕਿ ਕਿਸ ਤਰ੍ਹਾਂ ਬਹੁਤੇ ਲੋਭ-ਲਾਲਚ ਅਤੇ ਝੂਠੀ ਸਿਆਸਤ ਦੀ ਰੱਸੀ ਨਾਲ ਬੱਝ ਕੇ ਇਕ ਵਰਨ ਹੋ ਰਹੇ ਹਨ ਅਤੇ ਧਰਮ ਦੀ, ਸਿੱਖੀ ਦੀ ਗਤੀ ਰੁੱਕ ਰਹੀ ਹੈ, ਸਿਧਾਂਤ ਦਾ ਦਮ ਘੁੱਟ ਰਿਹਾ ਹੈ। ਗੁਰੂ ਰਹਿਮਤ ਕਰੇ ਇਸ ਸਿੱਖੀ ਸਿਧਾਂਤ ਦੀ ਗਤੀ ਨੂੰ ਚਲਦਾ ਰੱਖੇ।

❖